# ਭਾਈ ਵਡੇ ਦਾ ਖੂਹ

ਕੱਚਾ ਔਲੂ, ਨੀਵੀਂ ਨਸਾਰ, ਮਿਟੀ ਦੀਆਂ ਟਿੰਡਾਂ, ਪਾੜਛਾ, ਗਾਧੀ, ਢੋਲ, ਢਕਲੀ, ਕੁੱਤਾ, ਲਠ, ਰੇੜੀਆਂ, ਝਲਣ, ਸਾਰੇ ਲੱਕੜ ਦੇ ਕੂੰਦਰ ਨ੍ਹਾੜ ਦੀ ਰਲੀ ਮਿਲੀ ਮਾਹਲ, ਪਲਾਣੇ ਤੇ ਪੁਰਾਣੇ ਕਿੱਕਰਾਂ ਦੀ ਛਾਂ, ਔਲੂ ਦੁਆਲੇ ਸੁਥਰੇ ਪੱਥਰ ਦੀਆਂ ਤਿੰਨ ਤਰਾੜਾਂ । ਮੈਂ ਨਸਾਰ ਦੇ ਸਾਹਮਣੇ ਵਾਲੀ ਤਗੜ ਤੇ ਆਡ ਵਲ ਮੂੰਹ ਕੀਤੀ ਬੈਠਾ ਸਾਂ ।

"ਖਾਰੀ ਭਰੀ ਹੋਈ ਸਿਟਿਆਂ ਦੀ,
ਇਹ ਯਾਰੀ ਨਹੀਂ ਟੁਟਦੀ,
ਜਿਹੜੀ ਲਗੀ ਹੋਈ ਨਿਕਿਆਂ ਦੀ ।"

ਢੋਲ, ਢਕਲੀ ਚੋਂ ਮਿਠੀ ਮਿਠੀ ਚੀਂ ਚੀਂ ਦੀ ਸੁਰ ਨਾਲ ਮੇਰੀ ਸੁਰ ਇਸ ਤਰ੍ਹਾਂ ਮਿਲ ਕੇ ਨਿਕਲ ਰਹੀ ਸੀ, ਜਿਸ ਦਾ ਮੈਨੂੰ ਆਪ ਵੀ ਕੋਈ ਗਿਆਨ ਨਹੀਂ ਸੀ । ਮੈਂ ਆਪ-ਧਿਆਨਾ ਗੁਣਗੁਣਾ ਜਿਹਾ ਰਿਹਾ ਸਾਂ । ਹਰੀਆਂ ਮਿਰਚਾਂ ਦੀ ਚਟਨੀ

ਕੁਟਣ ਲਈ ਮੈਂ ਤਰਾੜ ਤੇ ਬੈਠਾ ਸਾਂ। ਸਜੇ ਹਥ ਵਿਚ ਫੜਿਆ ਖੋਹਰਾ ਜਿਹਾ ਵੱਟਾ ਤਰਾੜ ਤੇ ਪਈਆਂ ਹਰੀਆਂ ਮਿਰਚਾਂ ਤੇ ਇੰਜ ਤਾਲ ਵਿਚ ਫਿਰ ਰਿਹਾ ਸੀ, ਜਿਵੇਂ ਕਿ ਹਥ ਨੂੰ ਕੋਈ ਉਚੇਚ ਨਹੀਂ ਕਰਨਾ ਪੈ ਰਿਹਾ। ਵਗਣ ਵਾਲੇ ਝੋਟੇ ਦੀਆਂ ਅੱਖਾਂ ਬੇਸ਼ਕ ਬੱਧੀਆਂ ਹੋਈਆਂ ਸਨ, ਪਰ ਕਿਸੇ ਘੂਰੀ ਜਾਂ ਤਾੜਨਾ ਨੇ ਉਸ ਦੇ ਕੰਨਾਂ ਨੂੰ ਨਹੀਂ ਸੀ ਛੋਹਿਆ। ਮੇਰਾ ਗੁਣ-ਗੁਣਾਣਾ, ਚਟਣੀ ਕੁਟਣ ਵਾਲੇ ਵਟੇ ਦੀ ਰਗੜ, ਢੋਲ ਢਕਲੀ ਦੀ ਚੀਂ ਚੀਂ, ਟਿੰਡਾਂ ਵਿਚੋਂ ਪਾੜਛੇ ਚੋਂ ਵਗ ਕੇ ਨਸਾਰ ਰਾਹੀਂ ਔਲੂ ਵਿਚ ਡਿਗ ਰਹੇ ਪਾਣੀ ਦੀ ਆਵਾਜ਼, ਝੋਟੇ ਦੀ ਸਿਰ ਹਿਲੌਣੀ ਤੇ ਅਤੁਟ ਚਾਲ, ਕਿੱਕਰਾਂ ਚੋਂ ਹੌਲੀ ਹੌਲੀ ਲੰਘ ਰਹੀ ਪੌਣ ਦੀ ਸ਼ਾਂ ਸ਼ਾਂ, ਇਸ ਸਭ ਕੁਝ ਨੇ ਇਕ ਅਜੇਹਾ ਸਮਾਂ ਬੱਧਾ ਹੋਇਆ ਸੀ, ਕਿ ਅਜ ਲਫਜ਼ਾਂ ਵਿਚ ਉਸ ਦਾ ਚਿਤ੍ਰ ਖਿਚਣ ਦਾ ਯਤਨ ਕਰਨਾ ਅਸਫਲਤਾ ਨੂੰ ਨਿਉਂਦਾ ਦੇਣਾ ਹੈ:-

"ਮੈਂਡਿਆ ਵੇ ਮਾਹੀਆ,
ਬਨ੍ਹੀ ਕੱਖ ਪਿਆ ਤਰਦਾ ਈ।
ਤੈਂਡੀ ਮੈਂਡੀ ਹਿਕ ਜਿੰਦੜੀ,
ਸਾਰਾ ਜਗ ਪਿਆ ਸੜਦਾ ਈ।"

ਮੈਨੂੰ ਜ਼ਰਾ ਸੁਰਤ ਆਈ। ਮੈਂ ਬੇ ਤਾਰ ਤੇ ਨਹੀਂ ਸੀ, ਅਵਾਜ਼ ਬਾਕੀ ਸੰਗੀਤ ਸੰਗੀਆਂ ਦੇ ਨਾਲ ਹੀ ਚਲ ਰਹੀ ਸੀ, ਪਰ ਜ਼ਰਾ ਸਮਝਵੀਂ। ਪਤਾ ਨਹੀਂ ਕਿਉਂ ਮਾਹੀਏ ਦਾ ਇਹ ਉਪਰਲਾ ਟੱਪਾ ਇਸ ਵੇਲੇ ਮੈਨੂੰ ਯਾਦ ਆ ਗਿਆ। ਮੈਂ ਇਹ ਟੱਪਾ ਕਦੇ ਨਹੀਂ ਸੀ ਗਾਂਵਿਆਂ, ਮੈਨੂੰ ਤੇ ਇਹੋ ਟੱਪਾ ਆਉਂਦਾ ਸੀ:-

"ਖਾਰੀ ਭਰੀ ਹੋਈ ਸਿੱਟਿਆਂ ਦੀ,
ਇਹ ਯਾਰੀ ਨਹੀਂ ਟੁੱਟਦੀ,
ਜਿਹੜੀ ਲਗੀ ਹੋਈ ਨਿਕਿਆਂ ਦੀ।"

ਇਹ ਦੂਜਾ ਟੱਪਾ ਮੈਂ ਦੋ ਤਿੰਨ ਦਿਨ ਹੀ ਹੋਏ, ਨਦਰੇ ਅਲ ਪਿਆਲੇ ਦੀ ਧੀ ਭਾਗੀ ਤੋਂ ਸੁਣਿਆ ਸੀ। ਉਹ ਆਪਣੀ ਮਾਂ ਨਾਲ ਸਾਡੀ ਚੱਕੀ ਤੇ ਮਕੱਈ ਦਲਣ ਆਈ ਸੀ। ਚੱਕੀ ਵਿਚ ਮਾਂ ਦਾ ਹਥ ਵਟਾਉਂਦਿਆਂ ਉਸ ਨੇ ਮਾਹੀਏ ਦਾ ਇਹ ਟੱਪਾ ਗੁਣ-ਗੁਣਾਇਆ ਸੀ। ਭਾਗੀ ਦਾ ਸੱਜਾ ਹਥ ਚੱਕੀ ਦੀ ਹੱਥੀ ਤੇ ਸੀ, ਖੱਬੇ ਨਾਲ ਗਾਲਾ ਪਾਣ ਲਗਿਆਂ ਹਸਦੀ ਨੇ ਉਚੀ ਉਚੀ ਟੱਪਾ ਫਿਰ ਗਾਂਵਿਆਂ ਸੀ, "ਤੈਂਡੀ ਮੈਂਡੀ ਹਿਕ ਜਿੰਦੜੀ, ਤੈਂਡੀ ਮੈਂਡੀ ਹਿਕ ਜਿੰਦੜੀ" ਹੀ ਨਿਕਲਿਆ ਸੀ; ਕਿ ਮੇਰੇ ਕੰਨਾਂ ਨੇ ਜ਼ੋਰ ਦੀ ਤਾੜਵੀਂ ਆਵਾਜ਼ ਸੁਣੀ, "ਗੁਰਮੂ, ਓ ਗੁਰਮਿਆਂ! ਸਹੁਰਿਆ ਤੈਨੂੰ ਤੇ ਚਟਣੀ ਕੁਟਣ ਲਈ ਭੇਜਿਆ ਸੀ, ਰੋਟੀ ਖਾ ਰਹਿਸਾਂ ਤੇ ਮਰਸੇਂ"। ਚਟਣੀ ਕੁਝ ਤਰਾੜ ਨਾਲ ਸੁਕ ਗਈ ਸੀ, ਤੇ ਕੁਝ ਕੁਟਣ ਵਾਲੇ ਵੱਟੇ ਨਾਲ। ਮੈਂ ਔਲੂ ਵਿਚੋਂ ਪਾਣੀ ਦੇ ਦੋ ਚਾਰ ਕਤਰੇ ਪਾ ਕੇ ਚਟਣੀ ਖੁਰਚ ਲਈ, ਤੇ ਵੱਟੇ ਉਤੇ ਹੀ ਰਖ ਕੇ ਦੌੜ ਪਿਆ।

"ਹੁਣ ਪਾ ਇਸ ਨੂੰ ਆਪਣੇ ਸਿਰ ਵਿਚ" ਮੇਰੇ ਦਾਦਾ ਜੀ ਨੇ ਮੈਨੂੰ ਘੂਰਦਿਆਂ ਘੂਰਦਿਆਂ ਹਥ ਵਿਚ ਰੰਬਾ ਲੈ ਕੇ ਮਕੱਈ ਦਾ ਕਿਆਰਾ ਗੋਡਣਾ ਸ਼ੁਰੂ ਕਰ ਦਿਤਾ। ਮੇਰੇ ਪਿਤਾ ਨੇ ਕਿਹਾ, "ਲਿਆ ਮੈਂ ਚਟਣੀ ਨਾਲ ਦੋ ਗਰਾਹੀਆਂ ਲਾ ਲੈਨਾ।" ਦਾਦਾ ਜੀ ਨੇ ਕਿਹਾ, "ਛੋੜੋ ਹੁਣ ਗਰਾਹੀਆਂ ਨੂੰ, ਕੁਵੇਲਾ ਹੋ ਜਾਸੀ, ਇਹ ਕਿਆਰੇ ਪੂਰੇ ਕਰ ਲਈਏ।" ਤੂਤ ਦਾ ਪੱਤਾ ਤਰੋੜ ਕੇ ਮੈਂ ਚਟਣੀ ਉਸ ਵਿਚ ਵਲ੍ਹੇਟ ਕੇ ਇਕ ਟਾਹਣੀ ਤੇ ਰਖ ਦਿਤੀ, ਤੇ ਰੰਬਾ ਲੈ ਕੇ ਪਿਤਾ ਜੀ ਤੇ ਦਾਦਾ ਜੀ ਨਾਲ ਮੈਂ ਵੀ ਕਿਆਰਾ ਗੋਡਣ ਲਗ ਪਿਆ। ਪਿਤਾ ਜੀ ਮੈਨੂੰ ਰੋਕਦੇ, ਪਰ ਦਾਦਾ ਜੀ

ਕਹਿੰਦੇ, "ਗੋਡਣ ਦਿਉ ਸੂ, ਹਥ ਨਹੀਂ ਸੂ ਘਸਦੇ, ਲਿੱਸਾ ਨਹੀਂ ਹੋ ਚਲਿਆ, ਛਾਂਵੇਂ ਤਰਾੜਾਂ ਤੇ ਬਹਿ ਕੇ ਮਾਹੀਏ ਢੋਲੇ ਗਾਣੇ ਸੌਖੇ ਨੇ, ਇਨ੍ਹਾਂ ਜਾਤਕਾਂ ਨੂੰ ਕੰਮ ਕਰਦਿਆਂ ਫੜਕੀ ਪੈਂਦੀ ਏ।" "ਹੋ !!" ਮੈਨੂੰ ਕਲ ਵਾਂਗਣ ਯਾਦ ਏ, ਮੈਂ ਸੀ ਕੀਤੀ, ਦਾਦਾ ਜੀ ਦੇ ਹਥੋਂ ਰੰਬਾ ਛੁਟ ਗਿਆ, ਪਿਤਾ ਜੀ ਨੇ ਆਪਣੀ ਪਗੜੀ ਨਾਲੋਂ ਲੀਰ ਪਾੜੀ, ਆਡ ਦੇ ਪਾਣੀ ਵਿਚੋਂ ਭਿਉਂ ਕੇ ਮੇਰੀ ਉਂਗਲੀ ਤੇ ਬੰਨ੍ਹ ਦਿਤੀ।

ਗਲ ਇਸ ਤਰ੍ਹਾਂ ਹੋਈ ਕਿ ਜਦ ਮੈਂ ਮਕੱਈ ਗੋਡਣ ਲਗਾ, ਉਸ ਵੇਲੇ ਧੁਪ ਸੀ, ਤੁਰਤ ਹੀ ਝੜ ਪੈ ਗਿਆ, ਤੇ ਹਵਾ ਵਗਣ ਲਗ ਪਈ। ਹਵਾ ਦੇ ਲੋਰੇ ਵਿਚ ਮੈਂ ਗੁਣ-ਗੁਣਾਨ ਲਗ ਪਿਆ, "ਤੈਂਡੀ ਮੈਂਡੀ ਹਿਕ," ਇਧਰੋਂ ਮੇਰੇ ਮੂੰਹ ਵਿਚੋਂ 'ਹਿਕ' ਨਿਕਲੀ, ਨਾਲ ਹੀ ਮੈਂ ਸਜੇ ਹਥ ਨਾਲ ਰੰਬਾ ਮਾਰ ਕੇ ਖੱਬੇ ਹਥ ਨਾਲ ਘਾਹ ਦਾ ਬੂਟਾ ਫੜਨ ਲਗਾ, ਰੰਬਾ ਚੀਚੀ ਉਂਗਲੀ ਵਿਚ ਜਾ ਲਗਾ। ਪਿਤਾ ਜੀ ਨੇ ਬਥੇਰਾ ਕਿਹਾ, ਕਿ ਇਸ ਨੂੰ ਤੁਰ ਕੇ ਛਾਂਵੇਂ ਜਾਣ ਦਿਓ, ਕੋਈ ਡਰ ਨਹੀਂ, ਪਰ ਦਾਦਾ ਜੀ ਮੈਨੂੰ ਕੁਛੜ ਚੁਕ ਔਲੂ ਦੀ ਤਰਾੜ ਤੇ ਆਣ ਕੇ ਲਿਟਾ ਗਏ। ਖੂਹ ਦੀ ਅਵਾਜ਼ ਨੇ ਨੀਂਦ ਟੀਕੇ ਦਾ ਕੰਮ ਕੀਤਾ। ਜਾਗ ਖੁਲ੍ਹੀ ਤਾਂ ਇਕ ਵੇਰ ਉਂਗਲੀ ਨੂੰ ਪਾਣੀ ਵਿਚ ਭਿਉਂ ਲਿਆ। ਲੌਢੇ ਵੇਲੇ ਖੂਹ ਤੇ ਲੋਕਾਂ ਦੀ ਆਵਾਜਾਈ ਸ਼ੁਰੂ ਹੋ ਗਈ। ਸਾਡੇ ਪਿੰਡ ਵਿਚ ਕੋਈ ੧੫੦ ਖੂਹ ਹਨ, ਪਿੰਡ ਦੇ ਨੇੜੇ ਵੀ ਹਨ, ਪਰ ਭਾਈ ਵਡੇ ਦੇ ਖੂਹ ਦਾ ਪਾਣੀ ਦੁਰੇਡਿਉਂ ਵੀ ਢੋ ਕੇ ਪੀਣਾ ਲੋਕ ਪਸੰਦ ਕਰਦੇ ਹਨ। ਬਾਬਾ ਖੇਮ ਸਿੰਘ ਜੀ ਬੇਦੀ ਕਲਰ ਵਾਲੇ ਜਦ ਕਦੇ ਵੀ ਸਿਖੀ ਸੇਵਕੀ ਲਈ ਦੌਰੇ ਤੇ ਆਉਂਦੇ, ਅਠਾਂ ਅਠਾਂ ਮੀਲਾਂ

ਤਕ ਭਾਈ ਵਡੇ ਦੇ ਖੂਹ ਦਾ ਪਾਣੀ ਮੰਗਵਾ ਕੇ ਪੀਂਦੇ। ਇਸ ਕਰਕੇ ਇਸ ਖੂਹ ਦੇ ਪਾਣੀ ਦੀ ਹੋਰ ਵੀ ਮਸ਼ਹੂਰੀ ਹੋ ਗਈ ਸੀ।

: ੨ :

ਮੇਰੇ ਤੋਂ ਵਡੀਆਂ ਦੋ ਭੈਣਾਂ ਸਨ। ਉਹ ਵਿਆਹੀਆਂ ਗਈਆਂ। ਹੁਣ ਮੈਨੂੰ ਹੀ ਘਰ ਦੀਆਂ ਵਗਾਰਾਂ ਕਰਨੀਆਂ ਪੈਂਦੀਆਂ। ਕਦੇ ਕਦੇ ਮੈਂ ਘੁਸਾਈ ਵੀ ਮਾਰ ਜਾਂਦਾ, ਪਰ ਧੁਪ ਵੇਲੇ ਮਾਤਾ ਜੀ ਨੂੰ ਰੋਟੀ ਚੁਕ ਕੇ ਖੂਹ ਤੇ ਜਾਂਦਿਆਂ ਵੇਖ ਕੇ ਮੈਨੂੰ ਔਖ ਵੀ ਹੁੰਦਾ। ਅਜੇ ਮੈਂ ਸਕੂਲੋਂ ਆਇਆ, ਤਾਂ ਮਾਂ ਜੀ, ਰੋਟੀਆਂ ਤੇ ਲੱਸੀ ਦਾ ਗੜਵਾ ਚੁਕ ਕੇ ਬੂਹਿਉਂ ਬਾਹਰ ਨਿਕਲਣ ਹੀ ਲਗੇ ਸਨ, ਉਨ੍ਹਾਂ ਬੜੀ ਨਾ ਨੁਕਰ ਕੀਤੀ, ਪਰ ਮੈਂ ਉਨ੍ਹਾਂ ਦੇ ਹਥੋਂ ਗੜਵਾ ਤੇ ਰੋਟੀਆਂ ਖੋਹ ਲਈਆਂ, ਤੇ "ਮੈਂਡੀ ਤੈਂਡੀ ਹਿਕ ਜਿੰਦੜੀ" ਗਾਂਦਾ ਗਾਂਦਾ ਮੈਂ ਬਹੁਤ ਛੇਤੀ ਖੂਹ ਤੇ ਪੁਜਾ। ਮੇਰੇ ਪਹੁੰਚਣ ਤੇ ਪਿਤਾ ਜੀ ਤੇ ਦਾਦਾ ਜੀ ਵਿਚਕਾਰ ਝਗੜਾ ਚਲ ਪਿਆ। ਪਿਤਾ ਜੀ ਕਹਿਣ, ਰੋਟੀ ਆ ਗਈ ਹੈ, ਖਾ ਲਈਏ, ਪਰ ਦਾਦਾ ਜੀ ਕਹਿਣ, ਪਹਿਲਾਂ ਇਹ ਕਿਆਰਾ ਪੂਰਾ ਗੋਡ ਲਈਏ। ਮੈਂ ਰੋਟੀ ਤੇ ਲੱਸੀ ਬੰਨੇ ਤੇ ਰਖ ਕੇ ਖੂਹ ਤੇ ਆ ਗਿਆ। ਵਗਦੇ ਝੋਟੇ ਨੂੰ ਇਕ ਦਬਕਾ ਮਾਰ ਕੇ ਉਸ ਤਰਾੜ ਤੇ ਔਲੂ ਪਾਸ ਬੈਠ ਗਿਆ। ਹਥ ਨਾਲ ਚੁਟਕੀ ਮਾਰ ਕੇ ਇਕ ਵੇਰਾਂ ਮੈਂ ਉਚੀ ਆਵਾਜ਼ ਵਿਚ ਗਾਂਵਿਆ:–

"ਬਨ੍ਹੀ ਕੱਖ ਪਿਆ ਤਰਦਾ ਈ,
ਤੈਂਡੀ ਮੈਂਡੀ ਹਿਕ ਜਿੰਦੜੀ,
ਸਾਰਾ ਜਗ ਪਿਆ ਸੜਦਾ ਈ।"

ਫਿਰ ਹੌਲੀ ਹੌਲੀ ਦਿਲ ਵਿਚ ਇਹੋ ਟੱਪਾ ਗੁਣਗੁਣਾਇਆ। ਮੈਨੂੰ ਫੁਰਨਾ ਫੁਰਿਆ, ਕਿ ਭਾਗੀ ਨੂੰ ਹੋਰ ਵੀ ਇਹੋ ਜਿਹੇ ਕਈ

ਮਾਹੀਏ ਢੋਲੇ ਆਉਂਦੇ ਹੋਣਗੇ। ਫਿਰ ਮੈਂ ਆਪਣੀ ਉਮਰ ਦੇ ਸਾਲ ਗਿਣਨ ਲਗ ਪਿਆ। ਹੁਣ ਮੈਂ ਸਤਵੀਂ ਵਿਚ ਪੜ੍ਹਦਾ ਸਾਂ, ਪਹਿਲਾਂ ਮੈਂ ਗੁਰਮੁਖੀ ਪੜ੍ਹਨੀ ਸ਼ੁਰੂ ਕੀਤੀ ਸੀ। ਮਦਰਸੇ ਵਿਚ ਮੈਂ ਸੱਤਾਂ ਸਾਲਾਂ ਦਾ ਦਾਖਲ ਹੋਇਆ ਹੋਵਾਂਗਾ। ੧੪ ਸਾਲ ਕੋਈ ਐਡੀ ਉਮਰ ਤੇ ਨਹੀਂ, ਜਿਸ ਵਿਚ ਬੰਦਾ ਸ਼ਰਮਾਕਲ ਜਿਹਾ ਹੋ ਜਾਵੇ। ਫਿਰ ਮੈਨੂੰ ਸੋਚ ਆਈ, ਭਾਗੀ ਦੀ ਵੀ ਤਾਂ ਇਤਨੀ ਹੀ ਉਮਰ ਹੋਵੇਗੀ, ਕਦੇ ਨੀਝ ਨਾਲ ਉਸ ਵਲ ਦੇਖਿਆ ਨਹੀਂ। ਜਿਸ ਭਾਈ ਪਾਸ ਮੈਂ ਗੁਰਮੁਖੀ ਪੜ੍ਹਨ ਜਾਂਦਾ ਸਾਂ, ਉਸ ਦੇ ਘਰ ਦੇ ਨਾਲ ਹੀ ਨਦਰੇ ਆਲਪਿਆਲੇ ਦਾ ਘਰ ਹੈ। ਕੋਈ ਉਹਦੀ ਮਾਂ ਨਾਲ ਚੱਕੀ ਭਿਆਂਦਿਆਂ ਹੀ ਤੇ ਮੈਂ ਭਾਗੀ ਤੋਂ ਇਹ ਟੱਪਾ ਨਹੀਂ ਸੁਣਿਆਂ, ਅਗੇ ਵੀ ਤੇ ਕਈ ਵੇਰ ਕਈ ਮਾਹੀਏ ਸੁਣੇ ਹਨ। ਰਲ ਕੇ ਹੀ ਤੇ ਗਾਂਦੇ ਖੇਡਦੇ ਸਾਂ। ਹਾਂ ਜੇ ਅਗਲਾ ਵੇਲਾ ਹੁੰਦਾ ਤਾਂ ਮੈਂ ਆਪ ਜਾ ਕੇ ਭਾਗੀ ਪਾਸੋਂ ਕਈ ਮਾਹੀਏ ਢੋਲੇ ਪੁਛ ਲੈਂਦਾ। ਚਲੋ ਹੁਣ ਕੀ ਡਰ ਏ, ਰਾਤੀਂ ਕਿਸੇ ਬਹਾਨੇ ਜਾ ਨਿਕਲਸਾਂ, ਬਹਾਨੇ ਦੀ ਕੀ ਲੋੜ ਏ। ਮੈਨੂੰ ਕਲ ਵਾਂਗੂੰ ਯਾਦ ਏ, ਮੈਂ ਇਹਨਾਂ ਗਿਣਤੀਆਂ ਵਿਚ ਹੀ ਔਲੂ ਪਾਸ ਪਈ ਤਰਾੜ ਤੇ ਬੈਠਾ ਸਾਂ। ਪੋਲੇ ਪੋਲੇ ਪੈਰਾਂ ਦੀ ਆਵਾਜ਼ ਨੇ ਮੇਰੀ ਖ਼ਿਆਲ ਲੜੀ ਨੂੰ ਤੋੜਿਆ, ਪਿਛਲੇ ਪਾਸੇ ਮੂੰਹ ਫੇਰ ਕੇ ਵੇਖਣ ਹੀ ਲਗਾ ਸਾਂ, ਕਿ ਪਤਲੀਆਂ-ਪਤਲੀਆਂ ਪਰ ਜ਼ਰਾ ਕਰੜੀਆਂ ਜਿਹੀਆਂ ਉਂਗਲਾਂ ਦੇ ਦੋਹਾਂ ਪੰਜਿਆਂ ਨੇ ਮੇਰੀਆਂ ਅੱਖਾਂ ਦਬੋਚ ਲਈਆਂ। ਮਲਕੜੇ ਹੀ 'ਭਾਗੀ' ਮੇਰੇ ਮੂੰਹ ਚੋਂ ਨਿਕਲ ਗਿਆ ਸੀ। ਖ਼ਬਰੇ ਕਿਸ ਤਰ੍ਹਾਂ ਮੈਂ ਹਾਸੇ ਤੋਂ ਪਛਾਣ ਗਿਆ, ਮੈਂ ਬੜਾ ਪਛਤਾਇਆ ਸਾਂ। ਜੇ ਮੈਂ ਪਹਿਲੇ ਹੱਥ ਸਮਝ ਨਾ ਜਾਂਦਾ, ਤਾਂ ਉਸ ਨੇ ਅਜੇ ਹੋਰ ਕੁਝ ਚਿਰ ਮੇਰੀਆਂ ਅੱਖਾਂ ਆਪਣਿਆਂ ਪੰਜਿਆਂ ਵਿਚ

ਰਖਣੀਆਂ ਸਨ।

"ਮੈਂ ਹੁਣੇ ਸੋਚ ਰਿਹਾ ਸਾਂ ਕਿ ਅਜ ਤੈਂਡੇ ਘਰ ਜਾਸਾਂ।"

ਮੇਰੀ ਗਲ ਸੁਣ ਕੇ ਭਾਗੀ ਨੇ ਕਿਹਾ-

"ਕਿਸ ਵਾਸਤੇ ?"

ਮੈਂ ਪੁਛਿਆ, "ਮਾਹੀਏ ਨੇ ਤੈਨੂੰ ਕਈ ਟੱਪੇ ਯਾਦ ਹੋਸਨ ?"

ਭਾਗੀ ਨੇ ਕਿਹਾ, "ਨਿਕੇ ਹੋਂਦਿਆਂ ਬੜੇ ਯਾਦ ਸਨ, ਗਾਈਦਾ ਵੀ ਸੀ, ਹੁਣ ਤੇ ਕੋਈ ਕੋਈ ਯਾਦ ਰਹਿ ਗਿਐ, ਹੁਣ ਕੋਈ ਗਾਣ ਵੀ ਨਹੀਂ ਦੇਂਦਾ, ਅੱਬਾ ਨੇ ਸਾਹਮਣੇ ਤੇ ਕਦੇ ਗਾਇਆ ਹੀ ਨਹੀਂ। ਹੁਣ ਮਾਂ ਵੀ ਘੂਰੀ ਵਟਦੀ ਏ, ਹਿਕ ਦਿਹਾੜੇ ਤੁਹਾਡੇ ਘਾਰ ਚੱਕੀ ਨਾਲ ਗਾਇਆ ਸੀ, ਤਾਂ ਮਾਂ ਨੱਕ ਚਾੜ੍ਹਦੀ ਸੀ।"

ਮੇਰਾ ਸ਼ਕ ਠੀਕ ਨਿਕਲਿਆ, ਅਜ ਮੈਂ ਭਾਗੀ ਨੂੰ ਨੀਝ ਲਾ ਕੇ ਵੇਖਿਆ। ਮੇਰੇ ਬੜਾ ਜ਼ੋਰ ਦੇਣ ਤੇ ਭਾਗੀ ਨੇ ਵਗਦੇ ਖੂਹ ਦੀ ਸੁਰ ਨਾਲ ਸੁਰ ਮਿਲਾ ਕੇ ਦੋ ਟੱਪੇ ਮਾਹੀਏ ਦੇ ਸੁਣਾਏ:-

"ਕਣਕਾਂ ਦੇ ਦੋ ਦਾਣੇ,
ਦਿਲੇ ਨਾ ਢੋਲ ਹੋਵੇ,
ਫਿਰ ਰਿਜਕੇ ਕੀ ਉਹ ਜਾਣੇ।"

'ਕੋਠੇ ਤੋਂ ਹਥ ਲਮਕਾ
ਮੰਗਦੀ ਕੁਝ ਨਹੂ ਵੇ
ਛਡੀ ਵਾਰਸ ਆਣ ਬੰਨ੍ਹਾ।"

"ਇਮਾਨ ਨਾਲ ਮੈਨੂੰ ਹੋਰ ਨਹੀਂ ਆਂਦੇ, ਸਾਰੇ ਭੁਲ ਗਏ ਨੇ।" ਭਾਗੀ ਨੇ ਪਿਛਾ ਛੁੜਾਂਦਿਆਂ ਕਿਹਾ, "ਚੰਗਾ ਮੈਂ ਹੁਣ

ਚਲਨੀ ਆਂ, ਘਾਹੇ ਨੀ ਮੁਠ ਘਿਨਣ ਆਈ ਸਾਂ, ਹੋਰ ਹੀ ਕੰਮਾਂ ਵਿਚ ਲਗ ਪਈ, ਤੂੰ ਵੀ ਗਲੀਂ ਲਾਈ ਰਖਿਆ। ਦਿਗਰੀ ਵੇਲਾ ਹੋਣ ਲਗੈ, ਅੱਖਾ ਮੈਂਡੀ ਖੱਲ ਲਾਹ ਛੋੜਸੀ।"

ਮੇਰਾ ਬੜਾ ਹੀ ਜੀ ਕਰੇ ਕਿ ਭਾਗੀ ਤੋਂ ਹੋਰ ਟੱਪੇ ਸੁਣਾ, ਪਰ ਉਹ ਮੁਕਰ ਹੀ ਗਈ।

ਮੈਂ ਕਿਹਾ, "ਤੇਰੇ ਪੈਰਾਂ ਤੇ ਮੈਲ ਬੜੀ ਜੰਮੀ ਹੋਈ ਏ।" ਉਹ ਪੈਰ ਔਲੂ ਵਿਚ ਰਖ ਕੇ ਇਕ ਖੋਹਰੇ ਜਹੇ ਵੱਟੇ ਨਾਲ ਰਗੜਨ ਲਗ ਪਈ। ਉਸ ਨੂੰ ਮੈਂ ਮਕੱਈ ਦੀ ਅੱਧੀ ਰੋਟੀ ਦਿਤੀ। ਉਸ ਨੇ ਪਾਣੀ ਦੇ ਘੁਟਾਂ ਨਾਲ ਸੰਘੋਂ ਲੰਘਾ ਲਈ। ਜਿਨ੍ਹਾਂ ਪੰਜਿਆਂ ਨਾਲ ਉਸ ਮੇਰੀਆਂ ਅੱਖਾਂ ਦਬਾਈਆਂ ਸਨ, ਉਹਨਾਂ ਦਾ ਹੀ ਬੁਕ ਬਣਾ ਕੇ ਉਸ ਪਾਣੀ ਪੀਤਾ। ਮੈਨੂੰ ਕਲ ਵਾਂਗਣ ਯਾਦ ਹੈ, ਉਹ ਫਿਰ ਜਦੋਂ ਉਠ ਕੇ ਤੁਰਨ ਲਗੀ ਸੀ, ਤਾਂ ਮੈਂ ਉਸ ਨੂੰ ਚੇਤਾ ਕਰਵਾਇਆ ਸੀ, ਕਿ ਤੇਰਾ ਤੇ ਚੇਹਰਾ ਸਾਰਾ ਮਿਟੀਉ ਮਿਟੀ ਹੋਇਆ ਪਿਆ ਏ। ਉਸ ਨੇ ਆਪਣੀ ਚੁੰਨੀ ਨਾਲ ਝਟ ਚੇਹਰਾ ਛੰਡ ਲਿਆ ਸੀ ਤੇ ਮੇਰੇ ਜ਼ੋਰ ਦੇਣ ਤੇ ਵੀ ਪਾਣੀ ਨਾਲ ਮੂੰਹ ਨਹੀਂ ਸੀ ਧੋਤਾ।

ਫਿਰ ਮੈਂ ਕਿਹਾ ਸੀ:—"ਜੇ ਤੂੰ ਸਖਣੀ ਘਰ ਜਾਸੇਂ ਤਾਂ ਹੋਰ ਘੂਰੀਆਂ ਖਾਸੇਂ, ਚਲ ਤੈਨੂੰ ਕੱਟੀ ਜੋਗੇ ਟਾਂਡੇ ਭੰਨ ਦਿਆਂ।"

ਉਸ ਨੇ ਅਗੋਂ ਕੋਈ ਜਵਾਬ ਨਹੀਂ ਸੀ ਦਿਤਾ। ਪਰ ਮੈਂ ਇਸ ਮੁਆਮਲੇ ਵਿਚ ਆਪਣੀ ਉਮਰ ਨਾਲੋਂ ਵਧੀਕ ਸਿਆਣਾ ਨਿਕਲਿਆ। ਉਹ ਬੰਨੇ ਤੇ ਖੜੀ ਰਹੀ, ਮੈਂ ਆਪਣੇ ਪਿਤਾ ਜੀ ਤੇ ਦਾਦੇ ਜੀ ਤੋਂ ਅੱਖ ਬਚਾ ਕੇ ਪਿਛਲੇ ਪਾਸੇ ਦੀ ਪੈਲੀ ਚੋਂ ਮਕੱਈ ਦੇ ਟਾਂਡੇ ਭੰਨੇ, ਗਡੀ ਬੰਨ੍ਹ ਕੇ ਮੈਂ ਉਸ ਨੂੰ ਸਿਰ ਤੇ ਚੁਕਾਣ ਲਗਾ ਸਾਂ, ਤਾਂ ਉਸ ਨੇ ਉਚੇਰੀ ਨੀਵੀਂ ਹੋ ਕੇ ਆਪਣੀ

: ੩ :

ਛਾਤੀ ਨੂੰ ਲੁਕਾਇਆ ਸੀ। ਗਡੀ ਚੁਕ ਕੇ ਉਹ ਘਰ ਵਲ ਦੌੜ ਪਈ ਸੀ। ਇਕ ਵੇਰ ਉਸ ਨੇ ਪਿਛੇ ਵੇਖਿਆ, ਮਾਹੀਏ ਦੇ ਟੱਪਿਆਂ ਦੀ ਅਵਾਜ਼ ਮੇਰੇ ਕੰਨਾਂ ਵਿਚ ਗੂੰਜ ਰਹੀ ਸੀ।

"ਕਿਥੇ ਮੋਈ ਰਹੀ ਏਂ ਦੀਗਰੀ ਵੇਲੇ ਤਕ।"

ਨਦਰੇ ਨੇ ਬਲਦਾਂ ਦੇ ਹੱਕਣ ਵਾਲੀ ਪਰਾਣੀ ਉਗਰ ਕੇ ਕਿਹਾ:

"ਖਸਮਾਂ ਖਾਣੀਏ, ਝੋਟੀਏ, ਨਿਕੀ ਏਂ ਤੂੰ ਹੁਣ," ਮਾਂ ਨੇ ਝਿੜਕਿਆ। ਪਿਓ ਦੀ ਪਰਾਣੀ ਤੇ ਮਾਂ ਦੀ ਝਿੜਕ, ਟਾਂਡਿਆਂ ਦੀ ਗਡੀ ਭਾਗੀ ਦੇ ਸਿਰ ਤੋਂ ਡਿਗ ਪਈ।

ਉਹ ਭੋਲੀ ਬਿੱਲੀ ਛਹਿੜ ਕੇ ਕੰਧ ਨਾਲ ਲਗ ਗਈ। ਨਦਰਾ ਤਾਂ ਝਾੜ ਝੰਬ ਕਰ ਕੇ ਡੰਗਰਾਂ ਦੀ ਖੁਰਲੀ ਸਾਫ਼ ਕਰਨ ਦੇ ਆਹਰ ਵਿਚ ਲਗ ਗਿਆ ਸੀ, ਭਾਗੀ ਦੀ ਮਾਂ ਨੇ ਉਸ ਦੇ ਸਾਰੇ ਜੁਸੇ ਦੀ ਪ੍ਰੀਖਿਆ ਆਪਣੀਆਂ ਬਰੀਕ ਅੱਖਾਂ ਨਾਲ ਕੀਤੀ–

"ਇਹ ਚੋਲਾ ਕਿਥੋਂ ਸੇੜ੍ਹਿਆ ਈ। ਚੁੰਨੀ ਦੀਆਂ ਚੂਕਾਂ ਕਿਥੋਂ ਪਾੜ ਆਈ ਏਂ, ਝਾਟਾ ਸੜੀਏ ਇਹ ਲੱਤਾਂ ਕਿਥੋਂ ਲਬੇੜੀਆਂ ਨੀ।"

ਕੰਧ ਨਾਲ ਲਗੀ ਭਾਗੀ ਨੂੰ ਮਾਂ ਨੇ ਗਲਮੇਂ ਤੋਂ ਪਕੜ ਕੇ ਆਪਣੇ ਵਲ ਖਿਚਿਆ, "ਕਿਥੇ ਆ ਘਾਹੇ ਦੀ ਪੰਡ ? ਇਹ ਟਾਂਡੇ ਕਿਸ ਦੇ ਕਪ ਆਂਦੇ ਨੀ ?"

ਡਰਦੀ ਡਰਦੀ ਨੇ ਕੰਬਦਿਆਂ ਕੰਬਦਿਆਂ ਸਹਿਮੀ ਤੇ ਥਿੜਕਵੀਂ ਅਵਾਜ਼ ਵਿਚ ਕਿਹਾ–"ਭਾ......ਈ......ਵ......ਡੇ ਦੇ ਖੂਹ ਤੋਂ ਨਿਕੇ ਭਾਈ ਨੇ ਕੱਟੀ ਜੋਗੇ ਟਾਂਡੇ ਬੰਨ੍ਹ ਦਿਤੇ ਨੇ। ਨਦਰੇ ਦੇ ਕੰਨ ਵੀ

ਇਰਧ ਹੀ ਲਗੇ ਹੋਏ ਸਨ। ਭਾਈ ਵਡੇ ਦੇ ਖ਼ੂਹ ਦਾ ਨਾਂ ਸੁਣ ਕੇ ਨਦਰੇ ਤੇ ਉਸ ਦੀ ਘਰ ਵਾਲੀ ਦੋਹਾਂ ਦਾ ਗ਼ੁੱਸਾ ਝਟ ਪੋਲਾ ਪੈ ਗਿਆ। "ਫਿਰ ਕੋਈ ਡਰ ਨਹੀਂ।" ਨਦਰੇ ਦੇ ਮੂੰਹੋਂ ਸੁਣ ਕੇ ਭਾਗੀ ਦੀ ਮਾਂ ਨੇ ਕਿਹਾ, "ਮਰ ਜਾਣੀਏ ਜੇ ਭਾਈ ਵਡੇ ਨੇ ਖ਼ੂਹ ਤੇ ਗਈ ਸੈਂ, ਤਾਂ ਘੜਾ ਨਾਲ ਕਿਉਂ ਨਹੀਂ ਲੈ ਗਈ। ਹੁਣ ਬਹੁਤੀ ਨਾ ਬਾਹਰ ਫਿਰਿਆ ਕਰ।"

*